ਦਫ਼ਤਰ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਸੰਗਰੂਰ
ਟੈਲੀਫੋਨ ਤੇ ਫੈਕਸ ਨੰ. :- 01672-234092

ਸੇਵਾ

ਮੈਸਰਜ਼ ਸਪੈਂਗਲ ਸਟੋਨ,
ਲੁਧਿਆਣਾ-ਮਲੇਰਕੋਟਲਾ ਰੋਡ,
ਪਿੰਡ ਲੱਡਾ,ਜ਼ਿਲ੍ਹਾ,ਸੰਗਰੂਰ।

ਨੰ: 2974 ਮਿਤੀ: 22-01-18

ਵਿਸ਼ਾ: ਹੋਟਲ ਅਤੇ ਰੈਸਟੋਰੈਂਟ ਪਿੰਡ ਲੱਡਾ ਵਿਖੇ ਖੋਲ੍ਹਣ ਦੀ ਉਪਰੋਕਤ ਵਿਭਾਗ ਤੋ ਐਨ.ਓ.ਸੀ. ਲੈਣ ਸਬੰਧੀ(ਲੁਧਿਆਣਾ- ਮਲੇਰਕੋਟਲਾ-ਸੰਗਰੂਰ ਰੋਡ ) ਐਸ.ਐਚ.11 ਕਿ:ਮੀ:71.00 ਵਿੱਚਕਾਰ ਸੱਜੇ ਪਾਸੇ।

ਹਵਾਲਾ: ਆਪ ਦੀ ਪ੍ਰਤੀਬੇਨਤੀ ਮਿਤੀ 11-01-2018.

ਆਪ ਵਲੋਂ ਹਵਾਲਾ ਅਧੀਨ ਪੱਤਰ ਰਾਹੀਂ ਕੀਤੀ ਗਈ ਮੰਗ ਅਤੇ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਨੰ: 3 ਸੰਗਰੂਰ ਵੱਲੋ ਕੀਤੀ ਗਈ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੀਆਂ ਸ਼ਰਤਾਂ ਤੇ 6 ਮੀਟਰ ਚੌੜੇ ਇੱਕ ਗੇਟ ਦੇ ਰਸਤੇ ਦੀ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1)ਆਪ ਨਾਲ ਨੱਥੀ ਅਪਰੂਵਡ ਨਕਸ਼ੇ ਅਨੁਸਾਰ ਹੀ ਉਸਾਰੀ ਕਰੋਗੇ।

2)ਸ਼ਡਿਊਲ ਰੋਡ ਐਕਟ 1995 ਦੀ ਪਾਲਣਾ ਕਰਦੇ ਹੋਏ ਆਪ ਵੱਲੋ ਬਿਲਡਿੰਗ ਸੜਕ ਦੀ ਅਖੀਰਲੀ ਬਾਊਡਰੀ(ਭਾਵ ਸਰਕਾਰੀ ਜਗ੍ਹਾ ਛੱਡ ਕੇ) ਤੋ 30 ਮੀਟਰ ਤੱਕ ਆਪਣੀ ਮਲਕੀਅਤ ਵਿੱਚ ਕੋਈ ਉਸਾਰੀ ਨਾ ਕੀਤੀ ਜਾਵੇ।

3)ਪਾਣੀ ਦੀ ਡਿਸਪੋਜ਼ਲ ਵਾਸਤੇ ਡਰੇਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸੜਕ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ।ਇਹ ਡਰੇਨ ਸੜਕ ਦੇ ਲੈਵਲ ਤੋ ਨੀਵੀ ਬਣਾਈ ਜਾਵੇ।

4)ਸੜਕ ਦੀ ਜਗ੍ਹਾ ਵਿੱਚ ਕੂੜਾ ਕਰਕਟ ਨਾ ਸੁੱਟਿਆ ਜਾਵੇ।

5)ਸੜਕ ਦੀ ਜਗ੍ਹਾ ਵਿੱਚ ਕੋਈ ਪਾਰਕਿੰਗ ਨਾ ਕੀਤੀ ਜਾਵੇ।

6)ਜੇਕਰ ਭਵਿੱਖ ਵਿੱਚ ਸੜਕ ਨੂੰ ਚੋੜਾ ਕਰਨਾ ਪਿਆ ਤਾਂ ਪਹਿਲਾਂ ਕੀਤੀ ਉਸਾਰੀ ਆਪ ਵੱਲੋ ਆਪਣੇ ਪੱਧਰ ਤੇ ਢੁਹਾਈ ਜਾਵੇਗੀ ਅਤੇ ਇਸ ਸਬੰਧੀ ਕੋਈ ਕਲੇਮ ਨਹੀਂ ਦਿੱਤਾ ਜਾਵੇਗਾ।

7)ਜੇਕਰ ਸਰਕਾਰ ਵੱਲੋ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵੱਲੋ ਉਲੰਘਣਾ ਕੀਤੀ ਗਈ ਤਾਂ ਜਾਰੀ ਕੀਤਾ ਐਨ.ਓ.ਸੀ.ਰੱਦ ਕਰ ਦਿੱਤਾ ਜਾਵੇਗਾ ਅਤੇ ਕੀਤੀ ਗਈ ਉਸਾਰੀ ਆਪ ਦੇ ਖਰਚੇ ਤੇ ਢੁਆਹ ਦਿੱਤੀ ਜਾਵੇਗੀ।ਜਿਸ ਦੀ ਸਾਰੀ ਜ਼ਿੰਮੇਵਾਰੀ ਆਪ ਦੀ ਆਪਣੀ ਹੋਵੇਗੀ।

8)ਇਹ ਐਨ.ਓ.ਸੀ.ਸਿਰਫ਼ ਸੜਕ ਪੱਖੋ ਦਿੱਤਾ ਜਾਂਦਾ ਹੈ।ਬਾਕੀ ਮਹਿਕਮਿਆਂ ਨਾਲ ਸਬੰਧਿਤ ਜਿਵੇਂਕਿ ਸੀ.ਐਲ.ਯੂ.,ਜੰਗਲਾਤ, ਫਾਇਰ ਡਿਪਾਰਟਮੈਂਟ, ਬਿਲਡਿੰਗ ਸੇਫ਼ਟੀ ਆਦਿ ਲੋੜ ਅਨੁਸਾਰ ਆਪ ਆਪਣੇ ਪੱਧਰ ਤੇ ਲੈਣ ਲਈ ਜ਼ਿੰਮੇਵਾਰ ਹੋਵੋਗੇ।

ਨੱਥੀ/ਨਕਸ਼ੇ (6 ਨੰ:)

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਸੰਗਰੂਰ ।
ਰਜਿਸਟਰਡ

ਪਿੱਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ ਪ੍ਰੋਜੈਕਟ ਡਾਇਰੈਕਟਰ,(ਪੀ.ਆਰ.ਬੀ.ਡੀ.ਬੀ.) ਐਸ.ਸੀ.ਓ.ਨੰ:61-62 ਫੇਜ਼-2, ਮੁਹਾਲੀ ਨੂੰ ਬੈਂਕ ਡਰਾਫਟ 381241 ਮਿਤੀ 11-01-18 ਬਾਬਤ ਰੁ: 5000/- (ਵਿਜ਼ਟਿੰਗ ਫੀਸ),ਡੀ.ਡੀ. ਨੰ: 380276 ਮਿਤੀ 18-01-2018 ਬਾਬਤ ਰੁ: 12050/-(ਫੋਰੈਸਟ ਲੈਂਡ ਦੀ ਫੀਸ) ਅਤੇ ਡੀ.ਡੀ 380275 ਮਿਤੀ 18-01-18 ਬਾਬਤ ਰੁ: 100000/- (ਰਸਤੇ ਦੀ ਫੀਸ) ਸੂਚਨਾ ਅਤੇ ਅਗਲੀ ਯੋਗ ਕਾਰਵਾਈ ਲਈ ਭੇਜੇ ਜਾਂਦੇ ਹਨ।

ਨੱਥੀ/ ਤਿੰਨ ਬੈਂਕ ਡਰਾਫਟ(ਅਸਲ ਰੂਪ ਵਿੱਚ)

For Spangle Stone
Partner

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ; ਸੰਗਰੂਰ।

Email ID: xenconstsgr@gmail.com